# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ...1645../ਕਾਲਜ/ਸ-6

ਮਿਤੀ ...11/5/22........

ਯਾਦ-ਪੱਤਰ ਨੰ: 1

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਲਾਅ ਕਾਲਜਾਂ ਦੇ, ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ
ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਚਲਦੇ ਲਾਅ ਕੋਰਸ ਲਈ
ਪ੍ਰਿੰਸੀਪਲ ਸਾਹਿਬ ਨੂੰ

ਵਿਸ਼ਾ:- ਸੈਸ਼ਨ 2022-23 ਲਈ ਲਾਅ ਕੋਰਸਾਂ ਦੇ ਦਾਖਲਿਆਂ ਲਈ ਕਾਊਂਸਲਿੰਗ ਵਿੱਚ ਸਬੰਧਤ ਲਾਅ ਕਾਲਜ ਦਾ ਨਾਮ ਸ਼ਾਮਲ ਕਰਨ ਸਬੰਧੀ।

ਹਵਾਲਾ:- ਪੱਤਰ ਨੰ: 699/ਕਾਲਜ/ਸ-6, ਮਿਤੀ 22.02.2022 ਅਤੇ ਪੱਤਰ ਨੰ: 1181/ਕਾਲਜ/ਸ-6, ਮਿਤੀ 31.03.2022

ਉਪਰੋਕਤ ਵਿਸ਼ੇ ਸਬੰਧੀ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਹਵਾਲਾ ਅਧੀਨ ਪੱਤਰਾਂ ਰਾਹੀਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਲਾਅ ਕੋਰਸਾਂ/ਵਿਸ਼ਿਆਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਕੇ ਅਤੇ ਸੈਸ਼ਨ 2021-22 ਤੱਕ ਦੀਆਂ ਬਾਰ ਕੌਂਸਲ ਆਫ ਇੰਡੀਆ, ਨਿਊ ਦਿੱਲੀ ਦੀ ਲੋੜੀਂਦੀ ਅਪਰੂਵਲ ਪ੍ਰਾਪਤ ਕਰਕੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਤੁਰੰਤ ਹਸਤਾਖਰਕਰਤਾ ਨੂੰ ਸੂਚਿਤ ਕਰਨ ਲਈ ਲਿਖਿਆ ਗਿਆ ਸੀ, ਪਰੰਤੂ ਜਿਆਦਾਤਰ ਲਾਅ ਕਾਲਜਾਂ ਵੱਲੋਂ ਨਿਯਮਾਂ ਅਨੁਸਾਰ ਇਹ ਨਿਯੁਕਤੀਆਂ ਨਹੀ ਕੀਤੀਆਂ ਗਈਆਂ ਹਨ ਅਤੇ ਨਾ ਹੀ ਬਾਰ ਕੌਂਸਲ ਆਫ ਇੰਡੀਆ, ਨਿਊ ਦਿੱਲੀ ਦੀ ਲੋੜੀਂਦੀ ਅਪਰੂਵਲ ਪ੍ਰਾਪਤ ਕਰਕੇ ਭੇਜੀ ਗਈ ਹੈ। ਇਸ ਤੋਂ ਇਲਾਵਾ ਕਾਲਜ/ਪ੍ਰਿੰਸੀਪਲ/ਫੈਕਲਟੀ ਮੈਂਬਰਾਂ ਬਾਰੇ ਜਾਣਕਾਰੀ ਦਫਤਰ ਵਲੋਂ ਭੇਜੇ ਗਏ ਲਿੰਕ (http://colleges.learnpunjabi.org ਅਤੇ http://faculty.learnpunjabi.org) ਤੇ ਲੋੜੀਂਦੀ ਜਾਣਕਾਰੀ ਅਜੇ ਤੱਕ ਅਪਲੋਡ ਨਹੀ ਕੀਤੀ ਗਈ ਹੈ।

ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਇਨਾ ਕਮੇਟੀ ਵੱਲੋਂ ਲਗਾਈਆਂ ਗਈਆਂ ਪਿਛਲੀਆਂ ਸ਼ਰਤਾਂ ਦੀ ਪੂਰਤੀ, ਯੂਨੀਵਰਸਿਟੀ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਲਾਅ ਕੋਰਸਾਂ/ਵਿਸ਼ਿਆਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਅਤੇ ਬਾਰ ਕੌਂਸਲ ਆਫ ਇੰਡੀਆ, ਨਿਊ ਦਿੱਲੀ ਦੀ ਲੋੜੀਂਦੀ ਅਪਰੂਵਲ ਪ੍ਰਾਪਤ ਕਰਕੇ ਮਿਤੀ 31.5.2022 ਤੱਕ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੈਸ਼ਨ 2022-23 ਲਈ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਦੀ ਕਾਊਂਸਲਿੰਗ ਵਿੱਚ ਸਬੰਧਤ ਲਾਅ ਕਾਲਜ ਦਾ ਨਾਮ ਰੋਕਣ ਲਈ ਕੋਆਰਡੀਨੇਟਰ, ਪੰਜਾਬ ਲਾਅ ਦਾਖਲਾ ਸੈਲ, ਗੁਰੂ ਨਾਨਕ ਦੇਵ, ਅੰਮ੍ਰਿਤਸਰ ਨੂੰ ਲਿਖ ਦਿੱਤਾ ਜਾਵੇਗਾ। ਜਿਸਦੀ ਸਾਰੀ ਦੀ ਸਾਰੀ ਜਿੰਮੇਵਾਰੀ ਕਾਲਜ/ਮੈਨੇਜਮੈਂਟ ਦੀ ਆਪਣੀ ਹੋਵੇਗੀ।

ਨੋਟ: ਜਿਨ੍ਹਾਂ ਕਾਲਜਾਂ ਨੂੰ ਅਚਨਚੇਤ ਮੁਆਇਨੇ ਉਪਰੰਤ **show cause notice** ਜਾਰੀ ਕੀਤਾ ਗਿਆ ਹੈ, ਉਨ੍ਹਾਂ ਕਾਲਜਾਂ ਤੋਂ ਤਸੱਲੀਬਖਸ਼ ਸਪਸ਼ਟੀਕਰਨ/ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸੈਸ਼ਨ 2022-23 ਲਈ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਦੀ ਕਾਊਂਸਲਿੰਗ ਵਿੱਚ ਸਬੰਧਤ ਲਾਅ ਕਾਲਜ ਦਾ ਨਾਮ ਰੋਕਣ ਲਈ ਕੋਆਰਡੀਨੇਟਰ, ਪੰਜਾਬ ਲਾਅ ਦਾਖਲਾ ਸੈਲ, ਗੁਰੂ ਨਾਨਕ ਦੇਵ, ਅੰਮ੍ਰਿਤਸਰ ਨੂੰ ਲਿਖ ਦਿੱਤਾ ਜਾਵੇਗਾ। ਜਿਸਦੀ ਸਾਰੀ ਦੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ/ਮੈਨੇਜਮੈਂਟ ਦੀ ਆਪਣੀ ਹੋਵੇਗੀ।

11/5/22

ਡੀਨ, ਕਾਲਜ ਵਿਕਾਸ ਕੌਂਸਲ